FOR IMMEDIATE RELEASE CITY OF SURREY

MEDIA RELEASE

# ਕੌਂਸਲ ਅੱਜ ਰਾਤ ਨੂੰ ਸਰੀ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸੜਕੀ ਨਿਵੇਸ਼ 'ਤੇ ਵੋਟ ਕਰੇਗੀ

**ਤੁਰੰਤ ਰਿਲੀਜ਼: 2 ਦਸੰਬਰ, 2024**

**ਸਰੀ, ਬੀ ਸੀ** – ਅੱਜ ਰਾਤ ਦੀ ਰੈਗੂਲਰ ਕੌਂਸਲ ਮੀਟਿੰਗ ਦੌਰਾਨ, ਸਿਟੀ ਕਾਉਂਸਿਲ 72 ਐਵੇਨਿਊ ਕੋਰੀਡੋਰ ਪ੍ਰੋਜੈਕਟ 'ਤੇ ਵੋਟ ਕਰੇਗੀ, ਜਿਸ ਵਿੱਚ 152 ਸਟਰੀਟ ਤੋਂ ਹਾਈਵੇਅ 15 ਤੱਕ ਸੜਕ ਦਾ ਵਿਸਥਾਰ ਕਰ, ਵਧ ਰਹੀ ਅਬਾਦੀ ਲਈ ਮਹੱਤਵਪੂਰਨ ਪੂਰਬ-ਪੱਛਮੀ ਰਸਤੇ ਦਾ ਪਾਸਾਰ ਕਰਨਾ ਹੈ। ਇਹ ਸਰੀ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਸੜਕੀ ਨਿਵੇਸ਼ ਹੈ, ਤੇ ਇਸ ਕੋਰੀਡੋਰ ਦੇ ਕੰਮ ਨੂੰ ਸਿਰੇ ਚੜ੍ਹਾਉਣ ਲਈ $150 ਮਿਲੀਅਨ ਤੋਂ ਵੱਧ ਦੀ ਲਾਗਤ ਆਉਣ ਦਾ ਅਨੁਮਾਨ ਹੈ।

"ਸਾਡੇ ਬੁਨਿਆਦੀ ਢਾਂਚੇ ਵਿੱਚ ਇਹ ਮਹੱਤਵਪੂਰਨ ਨਿਵੇਸ਼ ਸਾਡੀ ਕਮਿਊਨਿਟੀ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਰੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ", ਮੇਅਰ ਬਰੈਂਡਾ ਲੌਕ ਨੇ ਕਿਹਾ। "72 ਐਵੇਨਿਊ ਕੋਰੀਡੋਰ ਦੇ ਸੁਧਾਰ ਦਾ ਮਕਸਦ ਯਾਤਰਾ ਦੇ ਸਮੇਂ ਨੂੰ ਘਟਾਉਣਾ, ਭੀੜ-ਭੜੱਕੇ ਤੋਂ ਰਾਹਤ ਪਾਉਣਾ, ਅਤੇ ਇਸ ਇਲਾਕੇ ਰਾਹੀਂ ਇਧਰ-ਉਧਰ ਜਾਣ ਲਈ ਆਵਾਜਾਈ ਨੂੰ ਬਿਹਤਰ ਬਣਾਉਣਾ ਹੈ। ਅਸੀਂ ਇਸ ਮਹੱਤਵਪੂਰਨ ਪ੍ਰੋਜੈਕਟ ਨਾਲ ਅੱਗੇ ਵਧਾਉਣ ਲਈ ਉਤਸ਼ਾਹਿਤ ਹਾਂ, ਕਿਉਂਕਿ ਇਹ ਸਾਡੇ ਸ਼ਹਿਰ ਦੇ ਭਵਿੱਖ ਨੂੰ ਨਵੀਂ ਦਿੱਖ ਦੇਵੇਗਾ।"

ਸਿਟੀ ਨੇ 72 ਐਵੇਨਿਊ ਕੋਰੀਡੋਰ ਦੇ ਵਿਕਾਸ ਲਈ ਵਿਆਪਕ ਜਨਤਕ ਸ਼ਮੂਲੀਅਤ ਪ੍ਰਕਿਰਿਆ ਦਾ ਆਯੋਜਨ ਕੀਤਾ ਸੀ, ਜਿਸ ਵਿੱਚ ਦੋ ਕਮਿਊਨਿਟੀ ਸੈਸ਼ਨ ਅਤੇ ਇੱਕ ਔਨਲਾਈਨ ਸਰਵੇਖਣ ਵਿੱਚ 2,480 ਤੋਂ ਵੱਧ ਵਸਨੀਕਾਂ ਨੇ ਹਿੱਸਾ ਲਿਆ, ਸਿਟੀ ਸਟਾਫ਼ ਵਲੋਂ ਕਾਉਂਸਿਲ ਨਾਲ ਇਸਦੇ ਸ਼ੁਰੂਆਤੀ ਡਿਜ਼ਾਈਨ ਯੋਜਨਾ ਨੂੰ ਸਾਂਝਾ ਕੀਤਾ ਜਾ ਰਿਹਾ ਹੈ। ਇਸ ਪ੍ਰਸਤਾਵਿਤ ਪ੍ਰੋਜੈਕਟ ਦਾ ਵੱਡੀ ਗਿਣਤੀ ਲੋਕਾਂ ਨੇ ਸਮਰਥਨ ਕੀਤਾ, ਤੇ 74% ਨੇ ਇਸਦੇ ਡਿਜ਼ਾਈਨ ਪ੍ਰਤੀ ਸੰਤੁਸ਼ਟੀ ਜ਼ਾਹਰ ਕੀਤੀ ਹੈ। ਸਰਵੇਖਣ ਵਿੱਚ ਇਲਾਕਾ ਨਿਵਾਸੀਆਂ ਨੇ ਆਵਾਜਾਈ ਨੂੰ ਸੌਖਾ ਬਣਾਉਣ ਲਈ ਇੱਕ ਬਦਲਵੇਂ ਪੂਰਬ-ਪੱਛਮੀ ਮਾਰਗ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

**ਪ੍ਰੋਜੈਕਟ ਵਿੱਚ ਤਿੰਨ ਭਾਗ ਸ਼ਾਮਲ ਹਨ:**

1. 144 ਸਟ੍ਰੀਟ ਤੋਂ 152 ਸਟ੍ਰੀਟ ਤੱਕ ਸੁਧਾਰ, ਜਿਸਦੀ ਉਸਾਰੀ 2026 ਤੋਂ ਸ਼ੁਰੂ ਕਰ, ਹਰੇਕ ਦਿਸ਼ਾ ਵਿੱਚ ਦੋ ਸੜਕੀ ਲੇਨਾਂ, ਮੁੱਖ ਚੌਰਾਹਿਆਂ 'ਤੇ ਖੱਬੇ ਮੁੜਨ ਲਈ ਲੇਨਾਂ, ਅਤੇ ਉੱਤਰ ਵਾਲੇ ਪਾਸੇ ਸਾਈਕਲਿੰਗ ਅਤੇ ਪੈਦਲ ਚੱਲਣ ਲਈ ਇੱਕ ਬਹੁ-ਵਰਤਣ ਵਾਲਾ ਮਾਰਗ, ਅਤੇ ਦੱਖਣ ਵਾਲੇ ਪਾਸੇ ਇੱਕ ਫੁੱਟਪਾਥ ਸ਼ਾਮਲ ਹੈ।

2. 152 ਸਟ੍ਰੀਟ ਤੋਂ ਹਾਈਵੇਅ 15 ਤੱਕ ਨਿਰਮਾਣ ਦਾ ਕੰਮ 2025 ਸ਼ੁਰੂ ਕਰ, ਹਰ ਦਿਸ਼ਾ ਵਿੱਚ ਦੋ ਸੜਕੀ ਲੇਨਾਂ, ਡਿੱਚਾਂ ਵਿੱਚ ਸੁਧਾਰ ਅਤੇ ਖੇਤ ਵਾਹਨਾਂ ਲਈ ਸੜਕਾਂ ਚੌੜੀਆਂ ਕੀਤੀਆਂ ਜਾਣਗੀਆਂ, ਜੋ ਖੇਤੀ ਅਤੇ ਆਵਾਜਾਈ ਦੋਵਾਂ ਲਈ ਮੱਦਦਗਾਰ ਹੋਵੇਗਾ।
3. ਸਪਰਿੰਗ 2025 ਤੋਂ ਅਨੁਮਾਨਿਤ ਉਸਾਰੀ ਦੇ ਨਾਲ 188 ਸਟ੍ਰੀਟ ਤੋਂ 196 ਸਟ੍ਰੀਟ ਤੱਕ ਸੁਧਾਰ, ਹਰ ਦਿਸ਼ਾ ਵਿੱਚ ਦੋ ਸੜਕੀ ਲੇਨਾਂ, ਬਾਈਕ ਲੇਨ, ਅਤੇ ਦੋਵੇਂ ਪਾਸੇ ਫੁੱਟਪਾਥ, ਅਤੇ ਸੀਮਤ ਖੇਤਰਾਂ ਵਿੱਚ ਆਨ-ਸਟ੍ਰੀਟ ਪਾਰਕਿੰਗ ਦੀ ਵਿਸ਼ੇਸ਼ਤਾ।

ਇਸਦੇ ਵਿਕਾਸ ਲਈ ਖ਼ਰਚਾ ਡਿਵੈਲਪਮੈਂਟ ਕੋਸਟ ਚਾਰਜ਼ਸ, ਸੜਕਾਂ ਅਤੇ ਟ੍ਰੈਫਿਕ ਸੇਫਟੀ ਲੇਵੀ ਦੇ ਨਾਲ-ਨਾਲ ਸੰਭਾਵੀ ਬਾਹਰੀ ਫੰਡਿੰਗ ਤੋਂ ਪ੍ਰਾਪਤ ਕੀਤੀ ਜਾਵੇਗਾ।

ਪ੍ਰੋਜੈਕਟ ਬਾਰੇ ਹੋਰ ਵੇਰਵਿਆਂ ਲਈ, surrey.ca/72Avenue 'ਤੇ ਜਾਓ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

prabhjot.kahlon@surrey.ca
C :236-878-6263